ਪੰਜਾਬ ਸਰਕਾਰ
(ਸਿੱਖਿਆ ਵਿਭਾਗ)
ਸਿਖਿਆ -6 ਸਾਖਾ

ਵੱਲ

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ, ਚੰਡੀਗੜ੍ਹ (ਸੈ.ਸਿ.)।
3. ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ, ਚੰਡੀਗੜ੍ਹ (ਐ.ਸਿ.)।
4. ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ।
5. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
6. ਸਮੂਹ ਜਿਲ੍ਹਾ ਸਿੱਖਿਆ ਅਫਸਰ ( ਸੈਸਿ) ਪੰਜਾਬ।
7. ਸਮੂਹ ਜਿਲ੍ਹਾ ਸਿੱਖਿਆ ਅਫਸਰ ( ਐਸਿ) ਪੰਜਾਬ।

ਮੀਮੋ ਨੰ:- 1682/2012-ਪ੍ਰਸਿ6/3088-94

ਮਿਤੀ ਚੰਡੀਗੜ੍ਹ 18/6/2012

ਵਿਸ਼ਾ:- ਹਰਿਆ ਭਰਿਆ ਪੰਜਾਬ ਅਤੇ ਵਾਤਾਵਰਣ ਦੀ ਸਾਂਭ ਸੰਭਾਲ ਲਈ- ਲੋਕ ਚੇਤਨਾ ਮੁਹਿੰਮ।

***

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਜਿਵੇਂ ਕਿ ਆਪ ਭਲੀ ਭਾਂਤ ਜਾਣੂੰ ਹੋ ਕਿ ਵਾਤਾਵਰਣ ਦੀ ਸਾਂਭ ਸੰਭਾਲ ਅੱਜ ਦੇ ਸਮਾਜ ਦੇ ਸਾਹਮਣੇ ਇਕ ਵੱਡੀ ਚੁਣੌਤੀ ਹੈ। ਅਸੀਂ ਗਲੋਬਲ ਵਾਰਮਿੰਗ ਦੇ ਖਤਰੇ ਅਧੀਨ ਵਿਚਰ ਰਹੇ ਹਾਂ। ਅਨੇਕਾਂ ਪ੍ਰਕਾਰ ਦੀਆਂ ਬੀਮਾਰੀਆਂ ਵਾਤਾਵਰਣ ਵਿੱਚ ਆ ਰਹੇ ਵਿਗਾੜ ਦੀ ਦੇਣ ਹਨ। ਪਲੀਤ ਹੋ ਰਹੇ ਵਾਤਾਵਰਣ ਦੁਆਰਾ ਮਨੁੱਖੀ ਜੀਵਨ ਲਈ ਬਹੁਤ ਵੱਡਾ ਖਤਰਾ ਪੈਦਾ ਕੀਤਾ ਹੈ।

3. ਰੁੱਖਾਂ ਦੀ ਧੜਾ ਧੜ ਕਟਾਈ, ਕੂੜਾ ਕਰਕਟ ਅਤੇ ਫਸਲਾਂ ਦੀ ਰਹਿੰਦ ਖੂੰਦ ਨੂੰ ਅੱਗ ਲਾ ਕੇ ਸਾੜਨਾ, ਖੇਤੀ ਚ ਲੋੜ ਤੋਂ ਵੱਧ ਕੀਟਨਾਸ਼ਕਾਂ/ਖਾਦਾਂ ਦੀ ਵਰਤੋਂ ਅਤੇ ਫੈਕਟਰੀਆਂ ਅਤੇ ਹੋਰ ਸਨਅਤਾਂ ਦਾ ਦੂਸ਼ਿਤ ਜਹਿਰੀਲਾ ਪਾਣੀ ਨਹਿਰਾਂ ਅਤੇ ਨਦੀਆਂ ਨਾਲਿਆਂ ਵਿੱਚ ਪਾਉਣ ਕਰਕੇ ਵਾਤਾਵਰਣ ਦਾ ਸੰਤੁਲਨ ਹੋਰ ਵੀ ਵਿਗੜ ਰਿਹਾ ਹੈ।

4. ਬੇਸ਼ਕ ਵਾਤਾਵਰਣ ਦੀ ਸਾਂਭ ਸੰਭਾਲ ਲਈ ਸਾਰੇ ਵਿਸ਼ਵ ਵਿੱਚ ਉਪਰਾਲੇ ਹੋ ਰਹੇ ਹਨ ਪ੍ਰੰਤੂ ਇਸ ਸਮੱਸਿਆ ਦੇ ਹਲ ਵਿੱਚ ਹਰ ਨਾਗਰਿਕ ਨੂੰ ਜਾਗਰੂਕ ਕਰਨ ਦੀ ਲੋੜ ਹੈ ਅਤੇ ਸਾਰੇ ਸਮਾਜ ਨੂੰ ਆਪਣਾ ਯੋਗਦਾਨ ਪਾਉਣ ਦੀ ਜਰੂਰਤ ਹੈ।

5. ਵਿਦਿਅਕ ਸੰਸਥਾਵਾਂ/ ਅਧਿਆਪਕ ਵਰਗ ਅਤੇ ਵਿਦਿਆਰਥੀਆਂ ਵਲੋਂ ਕੌਮ ਦੇ ਨਿਰਮਾਣ ਅਤੇ ਹਰੇਕ ਸਮਾਜਕ ਲਹਿਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਜਾ ਸਕਦਾ ਹੈ। ਇਸ ਲਈ ਅਧਿਆਪਕ ਅਤੇ ਵਿਦਿਆਰਥੀ ਵਰਗ ਰਾਜ ਨੂੰ ਹਰੇ ਭਰੇ ਪੰਜਾਬ ਵਿੱਚ ਬਦਲਨ ਅਤੇ ਵਾਤਾਵਰਣ ਦੀ ਸੰਭਾਲ ਪ੍ਰਤੀ ਜਾਗਰੂਕਤਾ ਫੈਲਾਉਣ ਵਿੱਚ ਅਹਿਮ ਭੂਮਿਕਾ ਨਿਭਾਉਣ ਦਾ ਉਪਰਾਲਾ ਕਰਨਾ ਚਾਹੀਦਾ ਹੈ।

6. ਬੇਸ਼ਕ ਵਿਦਿਅਕ ਸੰਸਥਾਵਾਂ ਵਿੱਚ ਪਹਿਲਾਂ ਹੀ ਕਾਫੀ ਪੇੜ ਪੌਦੇ ਲਗਾਏ ਗਏ

ਹਨ ਪਰਤੂੰ ਫਿਰ ਵੀ ਬਹੁਤ ਸਾਰੇ ਸੰਸਥਾਨਾਂ ਵਿੱਚ ਹਾਲੇ ਹੋਰ ਵੀ ਪੇੜ ਪੌਦੇ ਲਗਾਉਣ ਦਾ ਸਕੋਪ ਹੈ ਅਤੇ ਇਨਾਂ ਥਾਵਾਂ ਦੀ ਪਹਿਚਾਣ ਕਰਕੇ ਹੇਠ ਦਰਜ ਪੌਦੇ ਲਗਾਏ ਜਾ ਸਕਦੇ ਹਨ:-

**ਆਸਟ੍ਰੇਲੀਅਨ ਕਿੱਕਰ, ਸਮੁੰਦਰ ਫਲ, ਕਚਨਾਰ, ਸਿੰਬਲ, ਬੋਤਲ ਬੁਰਸ਼, ਅਮਲਤਾਸ, ਸਿਲਵਰ ਓਕ, ਨੀਲੀ ਗੁਲਮੋਹਰ, ਕੁਈਨਜ਼ ਫਲਾਵਰ (Lagerstroemia) ਰੋਜ਼ ਵੁਡ, ਗੁਲਾਚੀਨ, ਐਲਸਟੋਨੀਆ(ਸਤਪਤੀ), ਨਿੰਮ, ਤੁਣ, ਚੁਕਰਾਸੀਆ, ਜਾਮੁਨ, ਗੋਲਡਨ ਫਿਗ (ਗੋਲਡਨ ਅੰਜੀਰ) ਪਿਲੱਖਣ, ਪਿੱਪਲ, ਬੜੀ ਚੰਪਾ, ਮੌਲਸਰੀ ਅਸ਼ੋਕਾ, ਕੁਸਮ, ਅਰਜੁਨ, ਹਰੜ, ਬਹੇੜਾ, ਆਮਲਾ, ਮੈਕਸੀਕਨ ਸਿਲਕ, ਜਾਵਾ ਕੇਸੀਆ(Java cassia ) ਆਦਿ।**

7. ਹੁਣ ਮਾਨਸੂਨ ਸੀਜਨ ਅੱਗੇ ਆ ਰਿਹਾ ਹੈ ਅਤੇ ਵਣ ਮਹਾਉਤਸਵ ਮਨਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ । ਇਸ ਲਈ ਆਪ ਨੂੰ ਬੇਨਤੀ ਹੈ ਕਿ ਆਉਂਦੇ ਵਣ ਮਹਾਂਉਤਸਵ ਨੂੰ ਆਪਣੇ ਅਧੀਨ ਅਦਾਰਿਆਂ ਵਿੱਚ ਮਨਾਉਂਦੇ ਹੋਏ, ਸਮੂਹ ਵਿਦਿਆਰਥੀ ਵਰਗ ਨੂੰ ਆਪਣੇ ਘਰਾਂ ਅਤੇ ਹੋਰ ਸਾਂਝੇ ਸੰਸਥਾਨਾਂ ਜਿਵੇਂ,ਧਰਮਸ਼ਾਲਾ, ਸੱਥ , ਟੋਭੇ ਅਤੇ ਪਾਰਕਾਂ ਆਦਿ ਵਿੱਚ ਵੱਧ ਤੋਂ ਵੱਧ ਪੇੜ ਪੌਦੇ ਲਾਉਣ ਲਈ ਪ੍ਰੇਰਿਤ ਕਰਨ ਦੀ ਖੇਚਲ ਕੀਤੀ ਜਾਵੇ ਤਾਂ ਜੋ ਪੰਜਾਬ ਨੂੰ ਹਰਿਆ ਭਰਿਆ ਬਣਾਇਆ ਜਾ ਸਕੇ। ਖੇਤਰੀ ਅਧਿਕਾਰੀ ਸਕੂਲਾਂ/ਸੰਸਥਾਵਾਂ ਤੋਂ ਬਿਨਾਂ ਨਾਲ ਲਗਦੀਆਂ ਸੜਕਾਂ ਦੇ ਪੈਚ ਸੀਲੈਕਟ ਕਰਨ ਉਪਰੰਤ ਵੱਧ ਤੋਂ ਵੱਧ ਪੌਦੇ ਲਵਾਉਣ ਅਤੇ ਉਨਾਂ ਦੀ ਸਾਂਭ ਸੰਭਾਲ ਦਾ ਉਪਰਾਲਾ ਕਰਨ ਦੀ ਖੇਚਲ ਕਰਨ।

8. ਉਪਰੋਕਤ ਹਦਾਇਤਾ ਸਮੂਹ ਸਕੂਲ/ ਵਿਦਿਅਕ ਸੰਸਥਾਵਾਂ ਦੇ ਮੁਖੀਆ ਦੇ ਧਿਆਨ ਵਿੱਚ ਇੰਨ ਬਿੰਨ ਪਾਲਣਾਂ ਲਈ ਲਿਆਉਂਦੇਂ ਹੋਏ ਕੀਤੀ ਕਾਰਵਾਈ ਬਾਰੇ ਸਰਕਾਰ ਨੂੰ ਜਾਣੂ ਕਰਵਾਈਆ ਜਾਵੇਂ।

Gungh 18/6

ਵਧੀਕ ਸਕੱਤਰ ਸਕੂਲ ਸਿੱਖਿਆ (ਜੀ)

ਪਿੰਠ ਅੰਕਣ ਨੰ: 1682/2012-5ਸਿ6/3095-99 ਮਿਤੀ, ਚੰਡੀਗੜ੍ਹ: 18/06/2012 .

ਇਸ ਦਾ ਉਤਾਰਾ ਪ੍ਰਧਾਨ ਮੁੱਖ ਵਣਪਾਲ, ਪੰਜਾਬ, ਨੂੰ ਲਿਖਦੇ ਹੋਏ ਬਨੇਤੀ ਕੀਤੀ ਜਾਂਦੀ ਹੈ ਕਿ ਵਣ ਵਿਭਾਗ ਦੁਆਰਾ ਰਾਜ ਵਿੱਚ ਸਥਾਪਤ ਕੀਤੀਆਂ ਨਰਸਰੀਆਂ ਨੂੰ ਲੋੜੀਦੀ ਮਾਤਰਾ ਵਿੱਚ ਪੌਦੇ ਮੰਗ ਅਨੁਸਾਰ ਸਬੰਧਤ ਸਕੂਲ ਮੁਖੀਆ ਨੂੰ ਮਹੲੀਆ ਕਰਵਾਉਣ ਲਈ ਹਦਾਇਤ ਕਰਨ ਦੀ ਖੇਚਲ ਕੀਤੀ ਜਾਵੇ।

Gungh 18/6

ਵਧੀਕ ਸਕੱਤਰ ਸਕੂਲ ਸਿੱਖਿਆ (ਜੀ)

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ/ਸਿੱਖਿਆ ਮੰਤਰੀ, ਪੰਜਾਬ।
2. ਨਿੱਜੀ ਸਹਾਇਕ/ਪ੍ਰਮੁੱਖ ਸਕੱਤਰ ਸਕੂਲ ਸਿੱਖਿਆ।
3. ਨਿੱਜੀ ਸਹਾਇਕ/ਵਧੀਕ ਸਕੱਤਰ ਸਕੂਲ ਸਿੱਖਿਆ।
4. ਸਮੂਹ ਸਿੱਖਿਆ ਸ਼ਾਖਾਵਾਂ ਦੇ ਸੁਪਰਡੰਟ।
5. ਪੀ.ਆਰ.ਓ./ ਮਾਨਯੋਗ ਸਿੱਖਿਆ ਮੰਤਰੀ।

Gungh 18/6

ਵਧੀਕ ਸਕੱਤਰ ਸਕੂਲ ਸਿੱਖਿਆ (ਜੀ)